**ਆਕਾਸ਼ਵਾਣੀ ਜਲੰਧਰ**

**ਪ੍ਰਦੇਸ਼ਿਕ ਖਬਰਾਂ ਪੰਜਾਬੀ**

**18:20 Pm**

**ਮਿਤੀ: 22-06-2024**

- ਭਾਰਤ ਅਤੇ ਬੰਗਲਾਦੇਸ਼ ਨੇ ਅੱਜ ਵੱਖ-ਵੱਖ ਖੇਤਰਾਂ ਵਿੱਚ ਸਮਝੌਤਿਆਂ ਦਾ ਆਦਾਨ-ਪ੍ਰਦਾਨ ਅਤੇ ਕਈ ਸਮਝੌਤਿਆਂ ਦਾ ਨਵੀਨੀਕਰਨ ਕੀਤਾ।
- ਵਿਦੇਸ਼ੀ ਯੂਨੀਵਰਸਿਟੀ ਵਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਵਿਚ, ਆਕਾਸ਼ਵਾਣੀ ਨਿਊਜ਼ ਨੂੰ ਭਾਰਤ ਵਿੱਚ ਸਭ ਤੋਂ ਭਰੋਸੇਮੰਦ ਨਿਊਜ਼ ਬ੍ਰਾਂਡਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਗਈ ਏ।
- ਭਗਤ ਕਬੀਰ ਜੀ ਦਾ ਜਨਮ ਦਿਹਾੜਾ ਅੱਜ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।
- ਆਈ.ਸੀ.ਸੀ ਮਰਦ ਟਵੰਟੀ-ਟਵੰਟੀ ਵਿਸ਼ਵ ਕੱਪ ਕ੍ਰਿਕੇਟ ਦੇ ਸੁਪਰ-ਏਟ ਵਿੱਚ ਐਂਟੀਗੁਆ ਵਿਖੇ, ਅੱਜ ਰਾਤ ਭਾਰਤ ਦਾ

ਮੁਕਾਬਲਾ ਬੰਗਲਾਦੇਸ਼ ਨਾਲ, ਆਕਾਸ਼ਵਾਣੀ ਮੈਚ ਦੀ ਲਾਈਵ ਕਮੈਂਟਰੀ ਦਾ ਪ੍ਰਸਾਰਣ ਕਰੇਗਾ।

-------------------------------------------------------

ਭਾਰਤ ਅਤੇ ਬੰਗਲਾਦੇਸ਼ ਨੇ ਅੱਜ ਵੱਖ-ਵੱਖ ਖੇਤਰਾਂ ਵਿੱਚ, ਸਮਝੌਤਿਆਂ ਦਾ ਆਦਾਨ-ਪ੍ਰਦਾਨ ਅਤੇ ਕਈ ਸਮਝੌਤਿਆਂ ਦਾ ਨਵੀਨੀਕਰਨ ਕੀਤਾ। ਇਨ੍ਹਾਂ ਸਮਝੌਤਿਆਂ ਵਿੱਚ ਡਿਜੀਟਲ ਅਤੇ ਹਰੀ ਭਾਈਵਾਲੀ, ਸਮੁੰਦਰੀ ਸਹਿਯੋਗ, ਨੀਲੀ ਆਰਥਿਕਤਾ, ਸਿਹਤ ਅਤੇ ਦਵਾਈ, ਪੁਲਾੜ ਸਹਿਯੋਗ, ਰੇਲਵੇ ਸੰਪਰਕ, ਸਮੁੰਦਰੀ ਵਿਗਿਆਨ, ਆਫ਼ਤ ਪ੍ਰਬੰਧਨ ਅਤੇ ਮੱਛੀ ਪਾਲਣ ਦੇ ਖੇਤਰਾਂ ਵਿੱਚ ਸ਼ਾਮਲ ਨੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਉਨ੍ਹਾਂ ਦੀ ਬੰਗਲਾਦੇਸ਼ੀ ਹਮ-ਰੁਤਬਾ ਸ਼ੇਖ ਹਸੀਨਾ ਵਿਚਕਾਰ ਨਵੀਂ ਦਿੱਲੀ ਦੇ ਹੈਦਰਾਬਾਦ ਹਾਊਸ ਵਿਖੇ, ਦੁਵੱਲੀ ਗੱਲਬਾਤ ਤੋਂ ਬਾਅਦ ਸਮਝੌਤਿਆਂ ਦਾ ਆਦਾਨ-ਪ੍ਰਦਾਨ ਕੀਤਾ ਗਿਆ। ਇੱਕ ਪ੍ਰੈਸ ਬਿਆਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਬੰਗਲਾਦੇਸ਼, ਭਾਰਤ ਦੀ ਨੇਬਰਹੁੱਡ ਫਸਟ ਪਾਲਿਸੀ, ਐਕਟ ਈਸਟ ਪਾਲਿਸੀ, ਵਿਜ਼ਨ ਸਾਗਰ ਅਤੇ ਇੰਡੋ-ਪੈਸੀਫਿਕ ਵਿਜ਼ਨ ਦੇ ਸੰਗਮ 'ਤੇ ਸਥਿਤ ਏ।

---

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਆਉਂਦੇ ਆਮ ਬਜਟ ਤੋਂ ਪਹਿਲਾਂ, ਅੱਜ ਨਵੀਂ ਦਿੱਲੀ ਵਿੱਚ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਿੱਤ ਮੰਤਰੀਆਂ ਨਾਲ ਬਜਟ ਤੋਂ ਪਹਿਲਾ ਦੀ ਮੀਟਿੰਗ ਕੀਤੀ। ਵਿੱਤ ਰਾਜ ਮੰਤਰੀ ਪੰਕਜ ਚੌਧਰੀ, ਵਿੱਤ ਸਕੱਤਰ ਟੀ.ਵੀ. ਸੋਮਨਾਥਨ, ਆਰਥਿਕ ਮਾਮਲਿਆਂ ਦੇ ਵਿਭਾਗ ਦੇ ਸਕੱਤਰ ਅਤੇ ਸੀਨੀਅਰ ਅਧਿਕਾਰੀ ਵੀ ਮੀਟਿੰਗ ਵਿੱਚ ਸ਼ਾਮਲ ਹੋਏ । ਬੀਤੇ ਕੱਲ੍ਹ ਨਿਰਮਲਾ ਸੀਤਾਰਮਨ ਨੇ ਕਿਸਾਨ ਸੰਗਠਨਾਂ ਅਤੇ ਖੇਤੀਬਾੜੀ ਅਰਥ ਸ਼ਾਸਤਰੀਆਂ ਦੇ ਨੁਮਾਇੰਦਿਆਂ ਨਾਲ ਬਜਟ ਤੋਂ ਪਹਿਲਾਂ ਦਾ ਸਲਾਹ ਮਸ਼ਵਰਾ ਕੀਤਾ ਸੀ । ਇਸ ਤੋਂ ਪਹਿਲਾਂ ਉਨਾਂ, ਵਿੱਤੀ ਅਤੇ ਪੂੰਜੀ ਬਾਜ਼ਾਰ ਖੇਤਰ ਦੇ ਪ੍ਰਮੁੱਖ ਮਾਹਰਾਂ, ਉਦਯੋਗ ਦੇ ਨੇਤਾਵਾਂ ਅਤੇ ਐਸੋਸੀਏਸ਼ਨਾਂ ਦੇ ਨਾਲ-ਨਾਲ ਪ੍ਰਮੁੱਖ ਅਰਥ-ਸ਼ਾਸਤਰੀਆਂ ਨਾਲ ਵੀ ਅਜਿਹੀਆਂ ਮੀਟਿੰਗਾਂ ਕੀਤੀਆਂ ਸਨ ।

---

ਆਕਾਸ਼ਵਾਣੀ ਸਮਾਚਾਰ ਨੂੰ ਭਾਰਤ ਵਿੱਚ ਸਭ ਤੋਂ ਭਰੋਸੇਮੰਦ ਨਿਊਜ਼

ਬ੍ਰਾਂਡਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਗਈ ਏ । ਰਾਇਟਰਜ਼ ਇੰਸਟੀਚਿਊਟ ਫਾਰ ਦ ਸਟੱਡੀ ਆਫ਼ ਜਰਨਲਿਜ਼ਮ, ਆਕਸ ਫੋਰਡ ਯੂਨੀਵਰਸਿਟੀ ਵਲੋਂ ਕਰਵਾਏ ਗਏ, ਇੱਕ ਤਾਜ਼ਾ ਸਰਵੇਖਣ ਨੇ, ਦੇਸ਼ ਦੇ ਮੀਡੀਆ ਲੈਂਡਸਕੇਪ ਵਿੱਚ ਆਕਾਸ਼ਵਾਣੀ ਸਮਾਚਾਰ ਦੀ ਪ੍ਰਮੁੱਖ ਸਥਿਤੀ ਦੀ ਪੁਸ਼ਟੀ ਕੀਤੀ ਏ । ਡਿਜੀਟਲ ਨਿਊਜ਼ ਰਿਪੋਰਟ 2024 ਦੇ ਹਿੱਸੇ ਵਜੋਂ, ਜਾਰੀ ਇਸ ਸਲਾਨਾ ਪ੍ਰਕਾਸ਼ਨ ਨੇ ਖੁਲਾਸਾ ਕੀਤਾ ਏ, ਕਿ ਆਕਾਸ਼ਵਾਣੀ ਸਮਾਚਾਰ ਨੂੰ ਦੇਸ਼ ਦੇ ਹੋਰ ਪ੍ਰਮੁੱਖ ਮੀਡੀਆ ਹਾਊਸਾਂ ਨਾਲੋਂ ਕਾਫ਼ੀ ਵੱਧ ਟਰੱਸਟ ਸਕੋਰ ਮਿਲਿਆ ਏ । ਪ੍ਰਸਾਰ ਭਾਰਤੀ ਦੇ ਚੇਅਰਮੈਨ ਨਵਨੀਤ ਕੁਮਾਰ ਸਹਿਗਲ ਨੇ, ਇਸ ਸ਼ਾਨਦਾਰ ਉਪਲਬਧੀ 'ਤੇ ਪ੍ਰਤੀ-ਕਿਰਿਆ ਜ਼ਾਹਰ ਕਰਦਿਆਂ ਇਸ ਨੂੰ ਹਰ ਹਾਲਤ ਵਿਚ ਸੱਚਾਈ ਦਾ ਪ੍ਰਸਾਰਣ ਕਰਨ ਲਈ ਆਕਾਸ਼ਵਾਣੀ ਸਮਾਚਾਰ ਦੀ ਅਟੁੱਟ ਵਚਨਬੱਧਤਾ ਦੀ ਪ੍ਰਮਾਣਿਕਤਾ ਦੱਸਿਆ ਏ ।

---------------------------------------------------------

ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਕਿਹਾ ਏ, ਕਿ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ PSPCL ਨੇ ਬਿਜਲੀ ਦੀ ਪਿਛਲੇ

ਸਾਲ ਦੀ ਵੱਧ ਤੋਂ ਵੱਧ 15 ਹਜ਼ਾਰ 325 ਮੈਗਾਵਾਟ ਦੀ ਮੰਗ ਨੂੰ ਪਾਰ ਕਰਦਿਆਂ ਇਸ ਸਾਲ 19 ਜੂਨ ਨੂੰ 16 ਹਜ਼ਾਰ 78 ਮੈਗਾਵਾਟ ਦੀ, ਆਪਣੀ ਹੁਣ ਤੱਕ ਦੀ ਸਭ ਤੋਂ ਉੱਚੀ ਮੰਗ ਨੂੰ ਕਾਮਯਾਬੀ ਨਾਲ ਪੂਰਾ ਕੀਤਾ ਏ। ਉਨਾਂ ਕਿਹਾ ਕਿ ਸੂਬੇ ਭਰ ਵਿੱਚ ਝੋਨੇ ਦੀ ਫ਼ਸਲ ਦੀ ਬਿਜਾਈ ਲਈ, ਖੇਤੀਬਾੜੀ ਫੀਡਰਾਂ ਨੂੰ ਰੋਜ਼ਾਨਾ 8 ਘੰਟੇ ਮੁਹੱਈਆ ਨਿਰਵਿਘਨ ਬਿਜਲੀ ਸਪਲਾਈ ਦੇ ਨਾਲ-ਨਾਲ ਕਿਸੇ ਵੀ ਖਪਤਕਾਰ ਵਰਗ 'ਤੇ ਕੋਈ ਕੱਟ ਨਹੀਂ ਲਗਾਏ ਗਏ ਨੇ। ਉਨਾਂ ਕਿਹਾ ਕਿ ਸੂਬੇ ਵਿੱਚ 11 ਕੇ ਵੀ ਦੇ 13 ਹਜ਼ਾਰ 340 ਫੀਡਰ ਨੇ ਜਿਨ੍ਹਾਂ ਵਿੱਚੋਂ 6 ਹਜ਼ਾਰ 954 ਫੀਡਰ ਕਰੀਬ, 14 ਲੱਖ ਟਿਊਬਵੈੱਲ ਕੁਨੈਕਸ਼ਨਾਂ ਨੂੰ ਖੇਤੀਬਾੜੀ ਸਪਲਾਈ ਪ੍ਰਦਾਨ ਕਰਦੇ ਨੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ, ਲੋੜੀਂਦੀ ਬਿਜਲੀ ਉਪਲਬਧਤਾ ਦੇ ਪ੍ਰਬੰਧ ਅਤੇ ਬੁਨਿਆਦੀ ਢਾਂਚੇ ਦੇ ਨਵੀਨੀ-ਕਰਨ ਦੇ ਕੰਮਾਂ ਸਮੇਤ ਕਈ ਕਦਮ ਚੁੱਕੇ ਨੇ।

----------------------------------------------------

ਭਗਤ ਕਬੀਰ ਜੈਅੰਤੀ 'ਤੇ ਅੱਜ ਹੁਸ਼ਿਆਰਪੁਰ ਵਿਖੇ ਰਾਜ ਪੱਧਰੀ

ਸਮਾਗਮ ਕਰਵਾਇਆ ਗਿਆ । ਇਸ ਵਿੱਚ ਮੁੱਖ ਤੌਰ ’ਤੇ ਮੁੱਖਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਿਰਕਤ ਕੀਤੀ । ਉਨ੍ਹਾਂ ਭਗਤ ਕਬੀਰ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨਾਂ ਕਿਹਾ ਕਿ ਆਮ ਲੋਕਾਂ ਦੀ ਸਹੂਲਤ ਲਈ, ਸੂਬਾ ਸਰਕਾਰ ਕਈ ਕਦਮ ਚੁੱਕਣ ਜਾ ਰਹੀ ਏ। ਇਸ ਲੜੀ ਵਿਚ ਹਰ DC ਦਫ਼ਤਰ ਵਿੱਚ ਖਿੜਕੀਆਂ ਬਣਾਈਆਂ ਜਾਣਗੀਆਂ ਅਤੇ ਅਰਜ਼ੀ ਸਿਰਫ਼ ਡੀ ਸੀ ਦਫ਼ਤਰ ਵਿੱਚ CM ਵਿੰਡੋ ਤੇ ਦਿੱਤੀ ਜਾ ਸਕੇਗੀ । ਲੋਕਾਂ ਨੂੰ ਕੰਮ ਲਈ ਚੰਡੀਗੜ੍ਹ ਆਉਣ ਦੀ ਲੋੜ ਨਹੀਂ ਪਵੇਗੀ। ਮੁੱਖਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਿੱਖਿਆ ਪ੍ਰਣਾਲੀ ਵਿੱਚ ਵੀ ਬਦਲਾਅ ਸਮੇਂ ਦੀ ਜਰੂਰਤ ਏ, ਇਸ ਲਈ ਹੀ ਸਰਕਾਰ ਸਿਖਿਆ ਖੇਤਰ ਵਾਲ ਵਿਸ਼ੇਸ਼ ਧਿਆਨ ਦੇ ਰਹੀ ਏ।

---------------------------------------------------------------

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਭਗਤ ਕਬੀਰ ਜੀ ਦਾ ਜਨਮ ਦਿਹਾੜਾ ਅੱਜ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ । ਅੰਮ੍ਰਿਤਸਰ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ, ਸ੍ਰੀ ਅਖੰਡ ਪਾਠ

ਸਾਹਿਬ ਦੇ ਭੋਗ ਤੋਂ ਬਾਅਦ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਲਦੇਵ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਗੁਰਚਰਨ ਸਿੰਘ ਨੇ ਕੀਤੀ । ਸੰਗਤ ਨੂੰ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਵਿਸ਼ਾਲ ਸਿੰਘ ਨੇ ਸਰਵਣ ਕਰਵਾਇਆ। ਇਸ ਮੌਕੇ ਉਨ੍ਹਾ ਸੰਗਤਾਂ ਨਾਲ, ਭਗਤ ਕਬੀਰ ਜੀ ਦੇ ਜੀਵਨ ਇਤਿਹਾਸ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾ ਸੰਗਤ ਨੂੰ ਭਗਤ ਕਬੀਰ ਜੀ ਵੱਲੋਂ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਦਿਆਂ ਅਕਾਲ ਪੁਰਖ ਦੀ ਭਗਤੀ ਕਰਨ ਦੇ ਦਿਖਾਏ ਰਾਹ ’ਤੇ ਚੱਲਣ ਦੀ ਅਪੀਲ ਕੀਤੀ।

-----------------------------------------------------

ਦੇਸ਼ ਵਿਚ ਅੰਗਰੇਜ਼ੀ ਰਾਜ ਸਮੇ ਬਣੇ ਤਿੰਨ ਕਾਨੂੰਨਾਂ ਦੀ ਥਾਂ ਪਹਿਲੀ ਜੁਲਾਈ ਤੋਂ ਨਵੇਂ ਕ਼ਾਨੂਨ ਲਾਗੂ ਹੋ ਜਾਣਗੇ। ਇਹ ਨਵੇਂ ਕ਼ਾਨੂਨ ਮੌਜੂਦਾ ਸਮੇਂ ਮੁਤਾਬਿਕ ਬਣਾਏ ਗਏ ਨੇ।

***ਹੋਰ ਵੇਰਵੇ ਨਾਲ ਇਹ ਰਿਪੋਰਟ - ਡਿਸਪੈਚ: ਤਿੰਨ ਨਵੇਂ ਕਾਨੂੰਨ ਭਾਰਤੀ ਨਿਆਏ ਸੰਹਿਤਾ, ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ ਅਤੇ ਭਾਰਤੀ ਸਾਕਸ਼ਯ ਐਕਟ ਬਸਤੀਵਾਦੀ ਯੁਗ ਦੇ ਇੰਡੀਅਨ ਪੀਨਲ***

ਕੋਡ, ਕੋਡ ਆਫ ਕਰਿਮੀਨਲ ਪ੍ਰੋਸੀਜ਼ਰ ਅਤੇ ਇੰਡੀਅਨ ਐਵੀਡੈਂਸ ਐਕਟ ਦੀ ਥਾਂ ਲੈਣਗੇ। ਇਨਾਂ ਕਾਨੂੰਨਾਂ ਦਾ ਮਕਸਦ ਵੱਖ ਵੱਖ ਜੁਰਮਾਂ ਨੂੰ ਪਰਿਭਾਸ਼ਤ ਕਰਕੇ ਉਨ੍ਹਾਂ ਲਈ ਸਜ਼ਾ ਤੈਅ ਕਰਨਾ ਅਤੇ ਦੇਸ਼ 'ਚ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਬਦਲਣਾ ਏ। ਜਿਹੜੀਆਂ ਧਾਰਾਵਾਂ ਜੁਰਮ ਦੀ ਪਛਾਣ ਬਣ ਚੁੱਕੀਆ ਸਨ, ਨਵੇਂ ਕਾਨੂੰਨ ਲਾਗੂ ਹੋਣ ਤੋ ਬਾਅਦ ਉਨ੍ਹਾ ਵਿਚ ਵੀ ਬਦਲਾਅ ਹੋਵੇਗਾ। ਜਿਵੇਂ ਕਿ ਕਤਲ ਲਈ ਲਾਈ ਜਾਂਦੀ ਆਈ ਪੀ ਸੀ ਦੀ ਧਾਰਾ 302 ਹੁਣ ਧਾਰਾ 101 ਵਜੋਂ ਜਾਣੀ ਜਾਵੇਗੀ, ਠੱਗੀ ਲਈ ਲਾਈ ਜਾਂਦੀ ਧਾਰਾ 420 ਹੁਣ ਧਾਰਾ 316 ਹੋਵੇਗੀ ਜਦਕਿ ਜ਼ਬਰ ਜਿਨਾਹ ਵਾਲੀ ਧਾਰਾ 376 ਹੁਣ ਧਾਰਾ 63 ਹੋਵੇਗੀ। ਭਾਰਤੀ ਨਿਆ ਸਹਿੰਤਾ ਵਿੱਚ ਇਹ ਤੈਅ ਹੋਵੇਗਾ ਕਿ ਕਿਹੜਾ ਕੰਮ ਜੁਰਮ ਏ ਅਤੇ ਉਸ ਲਈ ਕੀ ਸਜ਼ਾ ਹੋਵੇਗੀ। ਆਈ ਪੀ ਸੀ ਦੀਆਂ 511 ਧਰਾਵਾਂ ਦੇ ਮੁਕਾਬਲੇ ਨਵੀਂ ਭਾਰਤੀ ਨਿਆਏ ਸਹਿੰਤਾ ਵਿੱਚ 358 ਧਰਾਵਾਂ ਹੋਣਗੀਆਂ, 21 ਨਵੇਂ ਜੁਰਮਾਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਗਿਆ ਏ। ਇਸੇ ਤਰਾਂ ਨਾਲ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਵਿੱਚ 531 ਧਾਰਾਵਾਂ ਹੋਣਗੀਆਂ। ਇਸ

*ਵਿਚ ਪੁਰਾਣੇ ਕ਼ਾਨੂਨ ਦੀਆਂ 177 ਧਾਰਾਵਾਂ ਨੂੰ ਬਦਲਿਆ ਗਿਆ ਏ ਅਤੇ ਨੌ ਨਵੀਆਂ ਧਾਰਾਵਾਂ ਜੋੜ ਕੇ 14 ਧਰਾਵਾਂ ਖਤਮ ਵੀ ਕੀਤੀਆਂ ਗਈਆਂ ਨੇ। ਅੱਤਵਾਦ, ਮੌਬ-ਲਿੰਚਿੰਗ ਅਤੇ ਕੌਮੀ ਸੁਰੱਖਿਆ ਖਤਰੇ ਵਿੱਚ ਪਾਉਣ ਵਾਲੇ ਜੁਰਮਾਂ ਲਈ ਸਜ਼ਾ ਹੋਰ ਸਖਤ ਕੀਤੀ ਗਈ ਏ। ਯਕੀਨਨ ਇਸ ਨਾਲ ਮੌਜੂਦਾ ਨਿਯਾ ਪ੍ਰਣਾਲੀ ਹੋਰ ਵਧੇਰੇ ਮਜਬੂਤ ਹੋਵੇਗੀ। ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ।*

---

ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਜਥੇਬੰਦਕ ਸਕੱਤਰ ਸ਼ਮਸ਼ੇਰ ਪੁਰ-ਖਾਲਵੀ ਨੇ ਕਿਹਾ ਏ ਕਿ ਸਿਹਤ ਤੇ ਸਿੱਖਿਆ ਦੇ ਵਿਸ਼ਵ ਪੱਧਰੀ ਦਿੱਲੀ ਮਾਡਲ ਦੀ ਤਰਜ਼ 'ਤੇ, ਪੰਜਾਬ ਦੀ ਸੱਤਾ ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ, ਸੂਬੇ ਦੇ ਹਜ਼ਾਰਾਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਕੇ, ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧਕੇਲਣ ਲਈ ਯਤਨਸ਼ੀਲ ਏ। ਮੋਹਾਲੀ ਵਿਖੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਉਨਾਂ ਕਿਹਾ ਕਿ ਸਰਕਾਰ ਨੇ ਦਾਖਲਾ

ਸੈਸ਼ਨ 2024- 25 ਲਈ ਅਨੇਕਾਂ ਕਿੱਤਾ- ਮੁਖੀ ਕੋਰਸਾਂ ਨੂੰ ਬੰਦ ਕਰਨ ਦਾ ਨਾਦਰ-ਸ਼ਾਹੀ ਹੁਕਮ ਜਾਰੀ ਕੀਤਾ ਏ। ਓਨਾਂ ਦਸਿਆ ਕਿ ਸੂਬੇ ਦੀਆਂ ਕਰੀਬ 150 ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ I.T.Is ਵਿੱਚ ਵੱਖ-ਵੱਖ ਯੋਜਨਾਵਾਂ ਅਧੀਨ ਚਲਾਏ ਜਾ ਰਹੇ ਵੱਖ-ਵੱਖ ਕੋਰਸਾਂ ਵਿੱਚ 35 ਤੋਂ 40 ਹਜ਼ਾਰ ਸਿਖਿਆਰਥੀ, ਕਿੱਤਾ ਮੁਖੀ ਕੋਰਸਾਂ ਵਿੱਚ ਟ੍ਰੇਨਿੰਗ ਲੈ ਰਹੇ ਨੇ। ਸ਼ਮਸ਼ੇਰ ਪੁਰਖਾਲਵੀ ਨੇ ਕਿਹਾ ਕਿ ਤੱਤਕਾਲੀ ਹਕੂਮਤਾਂ ਵੱਲੋਂ ਸਿਖਿਆਰਥੀਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਮਿਆਰੀ ਸਿਖਲਾਈ ਦਿਵਾਉਣ ਲਈ ਯਤਨ ਕੀਤੇ ਜਾਂਦੇ ਰਹੇ ਨੇ, ਪਰ ਮੌਜੂਦਾ ਸਰਕਾਰ ਨੇ ਕਈ ਲਾਹੇਵੰਦ ਕੋਰਸ ਬੰਦ ਕਰਨ ਦੇ ਨਾਦਰਸ਼ਾਹੀ ਹੁਕਮ ਜਾਰੀ ਕਰਕੇ ਜਿੱਥੇ ਅਨੇਕਾਂ ਇੰਸਟਰਕਟਰਾਂ ਨੂੰ ਬੇਰੋਜਗਾਰੀ ਦੇ ਰਾਹ ਤੋਰਿਆ ਏ, ਉਥੇ ਹਜ਼ਾਰਾਂ ਸਿਖਿਆਰਥੀਆਂ ਦੇ ਭਵਿੱਖ ਨੂੰ ਤਬਾਹ ਕਰਕੇ ਉਨ੍ਹਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕਣ ਦਾ ਯਤਨ ਵੀ ਕੀਤਾ ਏ।

---------------------------------------------------------------

ਮਰਦਾਂ ਦੇ ਆਈ.ਸੀ.ਸੀ. ਟਵੰਟੀ -ਟਵੰਟੀ ਕ੍ਰਿਕੇਟ ਵਿਸ਼ਵ ਕੱਪ ਦੇ-

ਸੁਪਰ ਏਟ ਵਿਚ ਭਾਰਤ ਦਾ ਮੁਕਾਬਲਾ ਅੱਜ ਐਂਟੀਗੁਆ ਦੇ ਸਰ ਵਿਵਿਅਨ ਰਿਚਰਡਸ ਸਟੇਡੀਅਮ ਵਿੱਚ ਬੰਗਲਾਦੇਸ਼ ਨਾਲ ਹੋਵੇਗਾ । ਆਪਣੇ ਪਹਿਲੇ ਸੁਪਰ ਏਟ ਮੁਕਾਬਲੇ ਵਿੱਚ ਭਾਰਤ ਨੇ ਬਾਰਬਾ-ਡੋਸ ਦੇ ਕੇਨ-ਸਿੰਗਟਨ ਓਵਲ ਵਿੱਚ ਅਫਗਾਨਿਸਤਾਨ ਨੂੰ 47 ਦੌੜਾਂ ਨਾਲ ਹਰਾਇਆ ਸੀ । ਅੱਜ ਦਾ ਮੈਚ ਬਹੁਤ ਅਹਿਮ ਏ, ਕਿਉਂਕਿ ਭਾਰਤ ਸੋਮਵਾਰ ਨੂੰ ਆਸਟਰੇਲੀਆ ਨਾਲ ਆਪਣੇ ਅਹਿਮ ਮੁਕਾਬਲੇ ਤੋਂ ਪਹਿਲਾਂ, ਫਾਈਨਲ ਚਾਰ ਵਿੱਚ ਜਗ੍ਹਾ ਪੱਕੀ ਕਰਨ ਦੀ ਕੋਸ਼ਿਸ਼ ਕਰ ਰਿਹਾ ਏ, ਜਦਕਿ ਇਕ ਹੋਰ ਹਾਰ ਨਾਲ ਟੂਰਨਾਮੈਂਟ ਵਿਚ ਬੰਗਲਾਦੇਸ਼ ਦਾ ਸਫ਼ਰ ਖ਼ਤਮ ਹੋ ਜਾਵੇਗਾ। ਇਹ ਮੈਚ ਰਾਤ 8 ਵਜੇ ਸ਼ੁਰੂ ਹੋਵੇਗਾ ਅਤੇ ਆਕਾਸ਼ਵਾਣੀ ਇਸ ਮੈਚ ਦੀ ਲਾਈਵ ਕਮੈਂਟਰੀ ਦਾ ਪ੍ਰਸਾਰਣ ਕਰੇਗਾ ।

-------------------------------------------------------

ਪੁਲਿਸ ਜਿਲ੍ਹਾ ਲੁਧਿਆਣਾ ਦਿਹਾਤੀ ਵੱਲੋਂ, ਥਾਣਾ ਦਾਖਾ ਦੇ ਪਿੰਡ ਗੁੜ੍ਹੇ ਵਿਖੇ ਬਾਸਕਟ-ਬਾਲ ਟੂਰਨਾਮੈਂਟ ਕਰਵਾਇਆ ਗਿਆ। ਇਸ ਟੂਰਨਾਮੈਂਟ ਦਾ ਮੁੱਖ ਉਦੇਸ਼, ਆਮ ਲੋਕਾਂ ਅਤੇ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ

ਬਾਰੇ ਜਾਗਰੂਕ ਕਰਨਾ, ਸਿਹਤਮੰਦ ਜਿੰਦਗੀ ਬਤੀਤ ਕਰਨ ਲਈ ਪ੍ਰੇਰਿਤ ਕਰਨਾ ਅਤੇ ਨੌਜਵਾਨਾਂ ਦਾ ਧਿਆਨ ਖੇਡਾਂ ਵਿੱਚ ਵਧਾਉਣਾ ਰਿਹਾ। ਪੁਲਿਸ ਜਿਲ੍ਹਾ ਲੁਧਿਆਣਾ ਦਿਹਾਤੀ ਅਧੀਨ ਪੈਂਦੇ ਥਾਣਿਆਂ ਦੇ ਪਿੰਡਾਂ ਦੀਆਂ ਟੀਮਾਂ ਨੇ ਇਸ ਵਿਚ ਭਾਗ ਲਿਆ। ਲੁਧਿਆਣਾ ਰੇਜ਼ ਦੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਧੰਨਪ੍ਰੀਤ ਕੌਰ ਨੇ ਜੇਤੂ ਟੀਮਾਂ ਦੇ ਖਿਡਾਰੀਆਂ ਦੀ ਹੌਸਲਾ ਅਫਜਾਈ ਲਈ ਉਨਾਂ ਨੂੰ ਨਗਦ ਇਨਾਮ ਅਤੇ ਟਰਾਫੀ ਤੇ ਕੱਪ ਦੇ ਕੇ ਸਨਮਾਨਿਤ ਕੀਤਾ।

---------------------------------------------------

ਜ਼ਿਲ੍ਹਾ ਫਾਜ਼ਿਲਕਾ ਦੇ ਸਰਹੱਦੀ ਖੇਤਰ ਦੇ ਪਿੰਡ ਗਹਿਲੇ-ਵਾਲਾ ਵਿੱਚ ਇੱਕ ਡਰੋਨ ਦੀ ਮੌਜੂਦਗੀ ਬਾਰੇ, ਬੀ. ਐਸ. ਐਫ. ਦੇ ਖੁਫੀਆ ਵਿੰਗ ਦੀ ਸੂਚਨਾ ਦੇ ਆਧਾਰ ’ਤੇ, ਬੀ. ਐਸ. ਐਫ. ਦੇ ਜਵਾਨਾਂ ਨੇ ਪੰਜਾਬ ਪੁਲਿਸ ਦੇ ਸਹਿਯੋਗ ਨਾਲ, ਸ਼ੱਕੀ ਖੇਤਰ ਵਿੱਚ ਤਲਾਸ਼ੀ ਮੁਹਿੰਮ ਚਲਾਈ। ਇਸ ਦੌਰਾਨ ਅੱਜ ਸਵੇਰੇ ਜਵਾਨਾਂ ਨੇ ਪਿੰਡ ਗਹਿਲੇਵਾਲਾ ਦੇ ਇੱਕ ਖੇਤ ਵਿੱਚੋਂ ਇਕ ਪੈਕਟ ਹੈਰੋਇਨ ਸਮੇਤ ਇਕ ਡਰੋਨ ਬਰਾਮਦ ਕੀਤਾ। ਇਸ ਦਾ ਕੁੱਲ ਵਜ਼ਨ 520 ਗ੍ਰਾਮ ਸੀ।

---

## ਆਖਿਰ ਵਿਚ ਖ਼ਾਸ ਖ਼ਬਰਾਂ ਇਕ ਵਾਰ ਫੇਰ ਤੋਂ

- ਭਾਰਤ ਅਤੇ ਬੰਗਲਾਦੇਸ਼ ਨੇ ਅੱਜ ਵੱਖ-ਵੱਖ ਖੇਤਰਾਂ ਵਿੱਚ ਸਮਝੌਤਿਆਂ ਦਾ ਆਦਾਨ-ਪ੍ਰਦਾਨ ਅਤੇ ਕਈ ਸਮਝੌਤਿਆਂ ਦਾ ਨਵੀਨੀਕਰਨ ਕੀਤਾ।
- ਵਿਦੇਸ਼ੀ ਯੂਨੀਵਰਸਿਟੀ ਵਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਵਿਚ, ਆਕਾਸ਼ਵਾਣੀ ਨਿਊਜ਼ ਨੂੰ ਭਾਰਤ ਵਿੱਚ ਸਭ ਤੋਂ ਭਰੋਸੇਮੰਦ ਨਿਊਜ਼ ਬ੍ਰਾਂਡਾਂ ਵਿੱਚੋਂ ਇੱਕ ਵਜੋਂ ਮਾਨਤਾ ਦਿੱਤੀ ਗਈ ਏ।
- ਭਗਤ ਕਬੀਰ ਜੀ ਦਾ ਜਨਮ ਦਿਹਾੜਾ ਅੱਜ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।
- ਆਈ.ਸੀ.ਸੀ ਮਰਦ ਟਵੰਟੀ-ਟਵੰਟੀ ਵਿਸ਼ਵ ਕੱਪ ਕ੍ਰਿਕੇਟ ਦੇ ਸੁਪਰ-ਏਟ ਵਿੱਚ ਐਂਟੀਗੁਆ ਵਿਖੇ, ਅੱਜ ਰਾਤ ਭਾਰਤ ਦਾ ਮੁਕਾਬਲਾ ਬੰਗਲਾਦੇਸ਼ ਨਾਲ, ਆਕਾਸ਼ਵਾਣੀ ਮੈਚ ਦੀ ਲਾਈਵ ਕਮੈਂਟਰੀ ਦਾ ਪ੍ਰਸਾਰਣ ਕਰੇਗਾ।